# ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
**(ਰਜਿਸਟਰਡ ਆਫਿਸ ਪੰ:ਰਾ:ਬਿ:ਬੋ:ਹੈਡ ਆਫਿਸ ਬਿਲਡਿੰਗ ਦੀ ਮਾਲ, ਪਟਿਆਲਾ)**
**ਦਫਤਰ : ਮੁੱਖ ਇੰਜੀਨੀਅਰ / ਟੀ ਐਸ, ਤੀਜੀ ਮੰਜਿਲ, ਸ਼ਕਤੀ ਸਦਨ, ਪਟਿਆਲਾ**

**ਨੋਟੀਫਿਕੇਸ਼ਨ ਨੰ: 17/ਐਸ.ਟੀ.-6016/ਵਾਲਯੂਮ-2 ਮਿਤੀ : 30.10.2013**

ਇਹ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਜਿਸ ਨੂੰ ਹੁਣ ਪੀ.ਐਸ.ਟੀ.ਸੀ.ਐਲ ਕਿਹਾ ਜਾਵੇਗਾ) ਵਲੋਂ ਨਿਮਨਲਿਖਤ ਸਕੀਮਾਂ/ਟਰਾਂਸਮਿਸ਼ਨ ਦੇ ਕੰਮ ਸ਼ੁਰੂ ਕਰਨ ਦਾ ਪ੍ਰਸਤਾਵ ਹੈ, ਜਿਹੜੀਆਂ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਸੰਚਾਲਣ ਅਤੇ ਵੰਡ ਵਿੱਚ ਸੁਧਾਰ ਕਰਨ ਲਈ ਬਿਜਲੀ ਦੀ ਡਿਸਪਰਸਲ /ਵੰਡ ਲਈ ਜ਼ਰੂਰੀ ਹਨ।

**ਟਰਾਂਸਮਿਸ਼ਨ ਵਰਕਸ ਫਾਰ ਦੀ ਈਅਰ 2013-2014**

| ਲੜੀ ਨੰ: | ਕੰਮ ਦਾ ਨਾਂ | ਸਕੋਪ ਆਫ ਵਰਕ, ਅੰਦਾਜਨ ਲੈਂਥ ਆਫ ਲਾਈਨ ਇਨ ਕਿਲੋਮੀਟਰਜ਼ | ਸਾਈਜ਼ ਆਫ ਏ.ਸੀ.ਐਸ.ਆਰ. ਕੰਡਕਟਰ ਨੋਮੀਨਲ ਐਲੂਮੀਨੀਅਮ ਏਰੀਆ ਇਨ ਐਮ ਐਮ$^2$ | ਅੰਦਾਜਨ ਕੀਮਤ (ਲੱਖਾਂ ਵਿੱਚ) |
|---|---|---|---|---|
| 1. | ਲੀਲੋ ਆਫ 220 ਕੇ.ਵੀ. ਮਲੇਰਕੋਟਲਾ - ਗੋਬਿੰਦਗੜ੍ਹ ਲਾਈਨ ਐਟ 220 ਕੇ.ਵੀ. ਸਬ-ਸਟੇਸ਼ਨ ਇਕੋਲਾਹਾ। | 6.672 | 420 | 400.25 |
| 2. | 220 ਕੇ.ਵੀ. ਲਾਈਨ ਫਰਾਮ 220 ਕੇ.ਵੀ. ਸਬ-ਸਟੇਸ਼ਨ ਨਾਭਾ ਫੋਕਲ ਪੁਆਇੰਟ ਟੂ 220 ਕੇ.ਵੀ. ਸਬ-ਸਟੇਸ਼ਨ ਨਰਾਇਨਗੜ੍ਹ ਸਿੰਗਲ ਸਰਕਟ ਆਨ ਡਬਲ ਸਰਕਟ ਟਾਵਰਜ਼। | 23.930 | 420 | 1168.26 |
| 3. | 220 ਕੇ.ਵੀ. ਲਾਈਨ ਫਰਾਮ 400 ਕੇ.ਵੀ. ਸਬ- ਸਟੇਸ਼ਨ ਮੱਖੂ ਟੂ 220 ਕੇ.ਵੀ. ਸਬ- ਸਟੇਸ਼ਨ ਧਰਮਕੋਟ ਡਬਲ ਸਰਕਟ ਲਾਈਨ। | 21.266 | 420 | 1275.75 |
| 4. | 220 ਕੇ.ਵੀ. ਲਾਈਨ ਫਰਾਮ 400ਕੇ.ਵੀ. ਸਬ-ਸਟੇਸ਼ਨ ਮੋਗਾ ਟੂ 220 ਕੇ.ਵੀ. ਸਬ-ਸਟੇਸ਼ਨ ਮਹਿਲ ਕਲਾ ਡਬਲ ਸਰਕਟ ਲਾਈਨ। | 52.180 | 420 | 3130.28 |
| 5. | ਰਿਵਾਇਜ਼ਡ ਰੂਟ ਆਫ 220ਕੇ.ਵੀ. ਡਬਲ ਸਰਕਟ ਲਾਈਨ ਫਰਾਮ 400ਕੇ.ਵੀ. ਮੁਕਤਸਰ ਟੂ 220ਕੇ.ਵੀ. ਅਬੋਹਰ ਟੀ.ਐਲ. 01 ਟੂ 07. | 43.391 | 420 | 2603.03 |
| | **ਡਿਪੋਜ਼ਿਟ ਵਰਕ** | | | |
| 6. | ਰਿਵਾਇਜ਼ਡ ਰੂਟ ਫਰਾਮ ਟੀ.ਐਲ. ਨੰ 51 ਟੂ 58 ਆਫ 220 ਕੇ.ਵੀ. ਲਾਈਨ ਫਰਾਮ ਰਾਜਪੁਰਾ ਟੂ 220 ਕੇ.ਵੀ. ਸਬ-ਸਟੇਸ਼ਨ ਲਾਲੜੂ।(ਡਬਲ ਸਰਕਟ ਲਾਈਨ ਆਨ ਡਬਲ ਸਰਕਟ ਟਾਵਰਜ਼)। | 2.418 | 420 | 145.06 |

ਇਹ ਦੱਸਿਆਂ ਜਾਂਦਾ ਹੈ ਕਿ ਪੀ.ਐਸ.ਟੀ.ਸੀ.ਐਲ. ਉਕਤ ਦੱਸੀ ਮੰਨਜੂਰ ਸਕੀਮ ਦੇ ਅਧੀਨ ਲੋੜੀਂਦੀ ਟਰਾਂਸਮਿਸ਼ਨ ਲਾਈਨਾਂ ਅਤੇ ਦੂਰ ਸੰਚਾਰ ਨੈਟਵਰਕਸ ਦੇ ਕੰਮ ਲਈ ਜਰੂਰੀ ਟਾਵਰਜ਼, ਪੋਲਜ਼, ਵਾਇਰਜ਼, ਸਟੇਅਜ਼ (ਖਿੱਚਾਂ) ਅਤੇ ਹੋਰ ਸਾਜ਼ ਸਮਾਨ ਲਗਾਉਣਾ ਚਾਹੁੰਦਾ ਹੈ ਜ਼ੋ ਕਿ ਉਕਤ ਦੱਸੀਆਂ ਥਾਵਾਂ ਤੇ ਬਿਜਲੀ ਦੀ ਟਰਾਂਸਮਿਸ਼ਨ ਅਤੇ

ਵੰਡ, ਟੈਲੀਗਰਾਫਿਕ ਜਾਂ ਪੀ.ਐਸ.ਟੀ.ਸੀ.ਐਲ. ਦੇ ਆਪਸੀ ਤਾਲਮੇਲ ਲਈ ਦੂਰ ਸੰਚਾਰ ਨੈਟਵਰਕਸ ਲਈ ਜਰੂਰੀ ਹਨ।ਇਸ ਲਈ ਪੀ.ਐਸ.ਟੀ.ਸੀ.ਐਲ. ਉਨ੍ਹਾਂ ਅਧਿਕਾਰਾਂ ਦੀ ਵਰਤੋਂ ਕਰੇਗਾ ਜ਼ੋ ਕਿ ਟੈਲੀਗਰਾਫਿਕ ਅਥਾਰਟੀਜ਼ ਟੈਲੀਗਰਾਫਿਕ ਐਕਟ 1885 ( XIII of 1885) ਦੇ ਪਾਰਟ-III ਅਧੀਨ ਟੈਲੀਗਰਾਫਜ਼ ਨੂੰ ਸਥਾਪਿਤ ਜਾਂ ਉਸਨੂੰ ਚਾਲੂ ਰਖਣ ਲਈ ਕਰਦੀਆਂ ਹਨ ਅਤੇ ਇੰਡੀਅਨ ਇਲੈਕਟਰੀਸਿਟੀ ਐਕਟ-1910 ਦੇ ਸੈਕਸ਼ਨ 12 ਤੋਂ 16, 18 ਅਤੇ 19 ਇਸ ਸਬੰਧ ਵਿਚ ਲਾਗੂ ਨਹੀਂ ਹੋਣਗੇ ਅਤੇ ਇਸ ਲਈ ਪੀ.ਐਸ.ਟੀ.ਸੀ.ਐਲ ਦੀ ਸਕੀਮ ਲਈ ਕੋਈ ਵਖਰਾ ਨੋਟਿਸ ਦੇਣ ਦੀ ਲੋੜ ਨਹੀਂ।

ਇਹ ਨੋਟੀਫਿਕੇਸ਼ਨ ਇੰਡੀਅਨ ਇਲੈਕਟ੍ਰੀਸਿਟੀ ਐਕਟ-1910 ਦੀ ਸਬੰਧਤ ਧਾਰਾਵਾਂ ਅਧੀਨ ਅਤੇ ਨਵੀਂਆਂ ਜ਼ਰੂਰੀ ਤਬਦੀਲੀਆਂ ਜੋ ਕਿ ਹੁਣ ਤੱਕ ਲਾਗੂ ਹੋਈਆਂ ਹਨ, ਜਾ ਓੱਵਰ-ਰਾਈਡਿੰਗ ਇਨੈਕਟਮੈਂਟ ਜੇ ਕੋਈ ਹੋਵੇ ਅਤੇ ਬਿਜਲੀ ਐਕਟ-2003 ਦੀ ਸੈਕਸ਼ਨ 164 ਦੀ ਧਾਰਾ ਮੁਤਾਬਿਕ ਜਾਰੀ ਕੀਤੀ ਜਾਂਦੀ ਹੈ।ਇਸ ਸਬੰਧੀ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਜੇ ਕਿਸੇ ਵਿਅਕਤੀ ਨੂੰ ਉਪਰੋਕਤ ਸਕੀਮ/ਟਰਾਂਸਮਿਸ਼ਨ ਲਾਈਨਾਂ ਦੇ ਕੰਮਾਂ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੀ ਪ੍ਰਤੀ ਵੇਦਨਾ ਇਸ ਨੋਟੀਫਿਕੇਸ਼ਨ ਜਾਰੀ ਹੋਣ ਤੋਂ 2 ਮਹੀਨੇ ਦੇ ਅੰਦਰ ਅੰਦਰ ਦੇ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ਼ ਜਾਂ ਪ੍ਰਤੀ ਵੇਦਨਾ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਸਾਰੀ ਸਕੀਮ/ਟਰਾਂਸਮਿਸ਼ਨ ਲਾਈਨਾਂ ਦੇ ਕੰਮ, ਬਿਨ੍ਹਾਂ ਕੋਈ ਸੋਧ ਕੀਤੇ ਜਾਂ ਸੋਧ ਕਰਕੇ ਪੀ.ਐਸ.ਟੀ.ਸੀ.ਐਲ. ਦੀ ਮੰਨਜੂਰੀ ਮੁਤਾਬਿਕ ਲਾਗੂ ਮੰਨੇ ਜਾਣਗੇ। ਇਸ ਸਿਲਸਿਲੇ ਵਿੱਚ ਲੋੜੀਂਦੇ ਆਰਜ਼ੀ ਪਲਾਨ ਜਿਨ੍ਹਾਂ ਵਿੱਚ ਟਰਾਂਸਮਿਸ਼ਨ ਲਾਈਨਾਂ ਦੇ ਰਸਤੇ ਵਿਖਾਏ ਗਏ ਹਨ, ਕਿਸੇ ਵੀ ਕੰਮ ਕਾਰ ਵਾਲੇ ਦਿਨ ਉਪ ਮੁੱਖ ਇੰਜੀਨੀਅਰ/ਟੀ.ਐਲ.ਐਸ.ਸੀ.,ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਦਫਤਰ ਵਿਚ ਵੇਖੇ ਜਾ ਸਕਦੇ ਹਨ।ਉਪਰੋਕਤ ਸਕੀਮਾਂ ਸਬੰਧੀ ਜੇ ਕੋਈ ਇਤਰਾਜ਼ ਅਤੇ ਪ੍ਰਤੀ ਵੇਦਨਾ ਹੋਵੇ ਤਾਂ ਨਿਮਨ ਹਸਤਾਖਰ ਨੂੰ ਭੇਜੇ ਜਾਣ।

ਮੁੱਖ ਇੰਜੀਨੀਅਰ /ਟੀ.ਐਸ.,
ਪੀ.ਐਸ.ਟੀ.ਸੀ.ਐਲ.,
ਤੀਜੀ ਮੰਜਿਲ, ਸ਼ਕਤੀ ਸਦਨ, ਪਟਿਆਲਾ।